# ਪੰਜਾਬ ਸਕੂਲ ਸਿੱਖਿਆ ਬੋਰਡ

ਪਹਿਲਾ ਅਤੇ ਅੰਤਿਮ ਰਜਿਸਟਰਡ ਪੱਤਰ

ਵਲੋਂ
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ,
ਵਿੱਦਿਆ ਭਵਨ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਵੱਲ
ਮੈਨੇਜਰ/ਪ੍ਰਿੰਸੀਪਲ/ਹੈਡਮਾਸਟਰ,
______________________
______________________
______________________

ਨੰ:ਪਸਸਬ-ਐਫੀ (        )2014/.....................          ਮਿਤੀ:.....................

**ਵਿਸ਼ਾ: ਐਫੀਲੀਏਸ਼ਨ ਕੇਸ ਦੀਆਂ ਤਰੁੱਟੀਆਂ ਸਬੰਧੀ।**

ਆਪ ਦੀ ਸੰਸਥਾ ਵਲੋਂ ਮੈਟ੍ਰਿਕ/ ਸੀਨੀਅਰ ਸੈਕੰਡਰੀ ਸ੍ਰੇਣੀਆਂ (ਗਰੁੱਪ...........................) ਤੱਕ ਦੀ ਪੜ੍ਹਾਈ ਸਾਲ ___________ ਤੋਂ ਸ਼ੁਰੂ ਕਰਨ ਲਈ ਲੋੜੀਂਦੀ ਐਫੀਲੀਏਸ਼ਨ ਪ੍ਰਾਪਤ ਕਰਨ ਸਬੰਧੀ ਜੋ ਕੇਸ ਭੇਜਿਆ ਗਿਆ ਹੈ, ਉਸ ਦੀ ਪੜਤਾਲ ਕਰਨ ਉਪਰੰਤ ਕੁੱਝ ਤਰੁੱਟੀਆਂ ਪਾਈਆਂ ਗਈਆਂ ਹਨ। **ਇਨ੍ਹਾਂ ਤਰੁੱਟੀਆਂ ਨੂੰ ਟਿੱਕ (✓) ਕੀਤੇ ਅਨੁਸਾਰ**, ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਦੂਰ ਕਰਨ ਦੀ ਖੇਚਲ ਕੀਤੀ ਜਾਵੇ।

1.(ੳ) ਐਫੀਲੀਏਸ਼ਨ ਲਈ ਨਿਰਧਾਰਤ ਪ੍ਰੋਫਾਰਮੇ ਉੱਤੇ ਐਜੂਕੇਸ਼ਨ ਸੁਸਾਇਟੀ/ਟਰੱਸਟ ਦੇ ਪ੍ਰਧਾਨ/ ਪ੍ਰਿੰਸੀਪਲ ਦੀ ਮੋਹਰ/ਹਸਤਾਖਰ ਨਹੀਂ ਹਨ। ਐਫੀਲੀਏਸ਼ਨ ਪ੍ਰੋਫਾਰਮਾ ਅਧੂਰਾ ਹੈ ਜਾਂ ਅਸਲ ਪ੍ਰੋਫਾਰਮਾ ਨੱਥੀ ਨਹੀਂ ਕੀਤਾ ਗਿਆ।

(ਅ) ਐਫੀਲੀਏਸ਼ਨ ਫੀਸ / ਨਿਰਧਾਰਤ ਪ੍ਰੋਫਾਰਮੇ ਦੀ ਕੀਮਤ ਦਾ ਬਕਾਇਆ .......................ਰੁਪਏ ਜਮ੍ਹਾਂ ਕਰਵਾ ਕੇ ਸੂਚਨਾ ਅਤੇ ਅਸਲ ਰਸੀਦ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਾਂ ਤੇ ਭੇਜੀ ਜਾਵੇ।

2.(ੳ) ਸੰਸਥਾ ਦੀ 16 ਤੋਂ 21 ਮੈਂਬਰੀ ਪ੍ਰਬੰਧਕ ਕਮੇਟੀ/ ਟਰੱਸਟ ਦੀ ਬਣਤਰ, ਵਿਧਾਨ (ਮੈਮੋਰੈਂਡਮ ਆਫ ਐਸੋਸੀਏਸ਼ਨ) ਅਤੇ ਰਜਿਸਟ੍ਰੇਸ਼ਨ ਸਰਟੀਫਿਕੇਟ ਆਦਿ ਦੀਆਂ ਕਾਪੀਆਂ ਸਬੰਧਤ ਰਜਿਸਟਰਾਰ ਫਰਮਜ਼ ਐਂਡ ਸੁਸਾਇਟੀਜ਼ ਤੋਂ ਸਰਟੀਫਾਈ ਕਰਵਾਕੇ ਸਬੂਤ ਵਜੋਂ ਭੇਜੀਆਂ ਜਾਣ।

(ਅ) ਸੰਸਥਾ ਦੇ ਟਰੱਸਟ/ਸੁਸਾਇਟੀ ਦੇ ਆਮਦਨ ਕਰ ਵਿਭਾਗ ਤੋਂ ਛੋਟ ਪ੍ਰਾਪਤ ਹੋਣ ਦਾ ਸਬੂਤ ਭੇਜੋ।

(ੲ) ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪ੍ਰਬੰਧਕੀ ਕਮੇਟੀ ਵਿੱਚ ਬਤੌਰ ਮੈਂਬਰ ਨਾਮਜ਼ਦ ਕਰਕੇ ਮਤੇ ਦੀ ਤਸਦੀਕ- ਸ਼ੁਦਾ ਕਾਪੀ ਭੇਜੀ ਜਾਵੇ।

(ਸ) ਸੁਸਾਇਟੀ/ ਟਰੱਸਟ ਦਾ ਕੰਟਰੋਲ ਵਿਅਕਤੀਗਤ ਹੱਥਾਂ ਵਿੱਚ ਨਾ ਹੋਣ ਸਬੰਧੀ, ਤਸਦੀਕ- ਸ਼ੁਦਾ ਐਫੀਡੇਵਿਟ ਦੀ ਅਸਲ ਕਾਪੀ/ਸਵੈ ਘੋਸ਼ਣਾ ਪੱਤਰ ਭੇਜਿਆ ਜਾਵੇ, ਜੋ ਕਿ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜਾਂ ਸਕੱਤਰ ਵੱਲੋਂ ਦਿੱਤਾ ਗਿਆ ਹੋਵੇ।

3(ੳ) ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਸੰਸਥਾ ਮੁੱਖੀ ਦੀ ਉਮਰ ਵੱਧ ਹੈ/ਯੋਗਤਾ ਪੂਰੀ ਨਹੀਂ ਹੈ।ਇਸ ਲਈ ਨਵੇਂ ਯੋਗ ਮੁੱਖੀ ਦੀ ਨਿਯੁਕਤੀ ਕਰਕੇ ਉਸ ਦੇ ਨਿਯੁਕਤੀ ਪੱਤਰ, ਇਕਰਾਰਨਾਮੇ, ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ ਭੇਜੀਆਂ ਜਾਣ।

(ਅ) ਸੰਸਥਾ ਮੁੱਖੀ ਦੇ ਪੜ੍ਹਾਉਣ ਦੇ ਤਜ਼ਰਬੇ ਦਾ ਸਬੂਤ ਸਬੰਧਤ ਵਿਭਾਗ/ ਬੋਰਡ ਤੋਂ ਪ੍ਰਤੀ-ਹਸਤਾਖਰ ਕਰਵਾ ਕੇ ਭੇਜਿਆ ਜਾਵੇ। ( ਘੱਟੋ-ਘੱਟ ਅੱਠ ਸਾਲ ਦਾ ਤਜ਼ਰਬਾ ਹੋਣਾ ਜਰੂਰੀ ਹੈ) ।

(ੲ) ਸਟਾਫ ਦੇ ਮੈਂਬਰਾਂ ਬਾਰੇ ਵੇਰਵੇ (ਨਾਂ, ਵਿੱਦਿਅਕ ਯੋਗਤਾ, ਤਨਖਾਹ ਗ੍ਰੇਡ, ਤਨਖਾਹ ਵਿਤਰਣ ਦੀ ਵਿਧੀ/ ਸਬੂਤ, ਪੜ੍ਹਾਇਆ ਜਾਂਦਾ ਵਿਸ਼ਾ/ਵਿਸ਼ੇ) ਦੱਸੇ ਜਾਣ। ਉਨ੍ਹਾਂ ਦੇ ਨਿਯੁਕਤੀ ਪੱਤਰਾਂ, ਸੇਵਾ ਸ਼ਰਤਾਂ, ਯੋਗਤਾ ਸਬੰਧੀ ਸਬੂਤ ਅਤੇ ਇਕਰਾਰਨਾਮੇ ਦੀਆਂ ਤਸਦੀਕ ਸ਼ੁਦਾ ਕਾਪੀਆਂ ਭੇਜੀਆਂ ਜਾਣ।

(ਸ) ਅਧਿਆਪਕਾਂ/ਲੈਕਚਰਾਰਾਂ ਅਤੇ ਹੋਰ ਸਟਾਫ ਨੂੰ ਘੱਟੋ ਘੱਟ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਉਸ ਵਰਗ ਦੇ ਸਕੇਲ ਦੀ ਬੇਸਿਕ ਤਨਖਾਹ ਦੇਣ ਸਬੰਧੀ ਜਾਮਨੀ ਅਸਲ ਐਫੀਡੇਵਿਟ/ਸਵੈ ਘੋਸ਼ਣਾ ਪੱਤਰ ਰਾਹੀਂ ਦਿੱਤੀ ਜਾਵੇ।

4. ਇਹ ਤਸਦੀਕ ਕੀਤਾ ਜਾਵੇ ਕਿ ਸੰਸਥਾ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪਾਠ-ਕ੍ਰਮ ਲਾਗੂ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਤ ਪਾਠ ਪੁਸਤਕਾਂ ਹੀ ਪੜ੍ਹਾਈਆਂ ਜਾਂਦੀਆਂ ਹਨ।

5. ਸਕੂਲ ਦਾ ਕੁੱਲ ਖੇਤਰ, ਛੱਤਿਆ ਖੇਤਰ/ ਅਣ-ਛੱਤਿਆ ਖੇਤਰ, ਖੇਡ ਦੇ ਮੈਦਾਨ ਦਾ ਖੇਤਰ, ਕੁੱਲ ਕਮਰੇ, ਵੱਖ-ਵੱਖ ਸ਼੍ਰੇਣੀਆਂ ਦੇ ਕਮਰੇ ਅਤੇ ਉਨ੍ਹਾਂ ਦੇ ਖੇਤਰ/ਆਕਾਰ , ਲਾਇਬ੍ਰੇਰੀ , ਪ੍ਰਯੋਗਸ਼ਾਲਾ, ਪਿਸ਼ਾਬਘਰ ਅਤੇ ਦਫਤਰ ਆਦਿ ਦੇ ਕਮਰਿਆਂ ਦੇ ਸਬੂਤ ਵਜੋਂ ਪ੍ਰਵਾਨਿਤ ਨਕਸ਼ਾ ਭੇਜਿਆ ਜਾਵੇ।

5 (ੳ) ਸੰਸਥਾ ਆਪਣੀ ਬਿਲਡਿੰਗ ਕੰਪਲੀਟ ਹੋਣ ਦਾ ਕੰਪਲੀਸ਼ਨ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਲੈ ਕੇ ਭੇਜੇਗੀ।

6(ੳ) ਸਕੂਲ ਦੀ ਬਿਲਡਿੰਗ / ਜਗ੍ਹਾ, ਸੁਸਾਇਟੀ / ਟਰੱਸਟ/ ਸੰਸਥਾ ਦੇ ਨਾਂ ਹੋਣ ਦਾ ਕਾਨੂੰਨੀ ਸਬੂਤ ਜਿਵੇਂ ਕਿ ਹਿਬਾਨਾਮਾ, ਰਜਿਸਟਰੀ, ਲੀਜ਼ ਡੀਡ ਜੋ ਕਿ ਘੱਟੋ ਘੱਟ 30 ਸਾਲ ਦੀ ਹੋਵੇ, ਦੀ ਸਰਟੀਫਾਈਡ ਕਾਪੀ ਸਬੰਧਤ ਰਜ਼ਿਸਟਰਾਰ ਤੋਂ ਪ੍ਰਾਪਤ ਕਰਨ ਉਪਰੰਤ ਅਤੇ ਇਸ ਖੇਤਰ ਦੀ ਲੋੜੀਂਦੀ ਜਮਾਂਬੰਦੀ ਫਰਦ (ਇੰਤਕਾਲ ਸਮੇਤ) ਅਤੇ ਗਿਰਦਾਵਰੀ ਦੀ ਕਾਪੀ ਵੀ ਭੇਜੀ ਜਾਵੇ।

(ਅ) ਸੰਸਥਾ ਵੱਲੋਂ ਦਿੱਤੇ ਗਏ ਖੇਤਰ/ਦਸਤਾਵੇਜ਼ਾਂ ਸਬੰਧੀ ਐਫੀਡੇਵਿਟ ਦਿੱਤਾ ਜਾਵੇ ਕਿ "ਸੰਸਥਾ ਦੇ ਨਾਮ ਖੇਤਰ/ਐਫੀਲੀਏਸ਼ਨ ਫਾਈਲ ਵਿੱਚ ਲਗਾਏ ਗਏ ਸਾਰੇ ਦਸਤਾਵੇਜ ਸਹੀ ਹਨ। ਭਵਿੱਖ ਵਿੱਚ ਕਿਸੇ ਵੀ ਪ੍ਰਕਾਰ ਦੀ ਫੇਰ ਬਦਲ, ਕਾਨੂੰਨੀ ਝਗੜੇ, ਪਰਿਵਾਰਕ, ਵੰਡ , ਮੁਸ਼ਤਰਕਾ ਖਾਤਾ, ਹਿੱਸੇਦਾਰੀ ਆਦਿਕ ਦੇ ਝਗੜੇ ਦੀ ਉਣਤਾਈ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਸਾਰੀ ਜਿੰਮੇਂਵਾਰੀ ਸੰਸਥਾ ਦੀ ਹੋਵੇਗੀ। ਇਹ ਐਫੀਡੇਵਿਟ ਸੰਸਥਾ ਦੇ ਪ੍ਰਧਾਨ/ਸਕੱਤਰ ਵੱਲੋਂ ਦਿੱਤਾ ਜਾਵੇ।"

(ੲ) ਸੰਸਥਾ ਦਾ ਖੇਤਰ ਇੱਕਠਾ ਹੋਣ ਸਬੰਧੀ ਸਰਟੀਫਿਕੇਟ , ਮਾਲ ਵਿਭਾਗ ਦੇ ਸਮੱਰਥ ਅਧਿਕਾਰੀ (ਤਹਿਸੀਲਦਾਰ ) ਤੋਂ ਪ੍ਰਾਪਤ ਕਰਕੇ ਭੇਜਿਆ ਜਾਵੇ। ਇਸ ਸਰਟੀਫਿਕੇਟ ਵਿੱਚ ਇਹ ਦਰਜ਼ ਹੋਵੇ ਕਿ ਸੰਸਥਾ ਦੇ ਸਕੂਲ ਅਤੇ ਖੇਡ ਦੇ ਮੈਦਾਨ ਦਾ ਖੇਤਰ ਕਿਹੜੇ ਕਿਹੜੇ ਖਸਰਾ ਨੰਬਰਾਂ ਵਿੱਚ ਸਥਿਤ ਹੈ। ਜੇਕਰ ਖੇਤਰ ਇੱਕ ਜਾਂ ਇੱਕ ਤੋਂ ਵੱਧ ਟੁਕੜਿਆਂ ਵਿੱਚ ਹੋਵੇ ਤਾਂ ਇਨ੍ਹਾਂ

ਦੀ ਆਪਸੀ ਦੂਰੀ ਗਜਾਂ ਵਿੱਚ ਦਰਸਾਈ ਗਈ ਹੋਵੇ। ਇਸ ਦੀ ਪੁਸ਼ਟੀ ਵਜੋਂ ਸਬੰਧਤ ਖੇਤਰ ਦੇ ਸਿਜ਼ਰਾ ਅਕਸ਼ ਦੀ ਫੋਟੋ-ਕਾਪੀ ਸਬੰਧਤ ਮਾਲ ਪਟਵਾਰੀ ਤੋਂ ਤਸਦੀਕ/ ਪ੍ਰਤੀ ਹਸਤਾਖਰ ਕਰਵਾਕੇ ਭੇਜੀ ਜਾਵੇ।

(ੲ) ਸੰਸਥਾ ਦੀ ਜਗ੍ਹਾ ਮੈਟ੍ਰਿਕ /ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਵਿਨਿਯਮਾਂ ਅਨੁਸਾਰ..................ਹੋਣੀ ਚਾਹੀਦੀ ਹੈ , ਜਦੋਂ ਕਿ ਆਪ ਦੀ ਸੰਸਥਾ ਕੋਲ ਘੱਟ ਜ਼ਮੀਨ ਹੈ।

(ਸ) ਬਿਲਡਿੰਗ ਸੁਰੱਖਿਅਤ ਹੋਣ ਦਾ ਸਰਟੀਫਿਕੇਟ ਪੀ. ਡਬਲਿਯੂ. ਡੀ. ਵਿਭਾਗ / ਪੰਚਾਇਤੀ ਰਾਜ ਅਥਾਰਟੀ ਤੋਂ ਸਾਲ .................. ਲਈ ਪ੍ਰਾਪਤ ਕਰਕੇ ਭੇਜਿਆ ਜਾਵੇ।

(ਹ) ਜਿਲ੍ਹਾ ਫਾਇਰ ਅਫਸਰ ਵੱਲੋਂ ਜਾਰੀ ਕੀਤਾ ਫਾਇਰ ਸੇਫਟੀ ਸਰਟੀਫਿਕੇਟ ( ਸਾਲ..................... ) ਪ੍ਰਾਪਤ ਕਰਕੇ ਭੇਜਿਆ ਜਾਵੇ।

7. ਵਿਦਿਆਰਥੀਆਂ ਦੀ ਮੌਜੂਦਾ ਗਿਣਤੀ ਸ਼੍ਰੇਣੀਵਾਰ ਦਿੱਤੀ ਜਾਵੇ। ਲੜਕੇ ਅਤੇ ਲੜਕੀਆਂ ਦੀ ਗਿਣਤੀ ਵੱਖ- ਵੱਖ ਦੱਸੀ ਜਾਵੇ।

8. ਵਿਦਿਆਰਥੀਆਂ ਤੋਂ ਸ਼੍ਰੇਣੀਵਾਰ , ਪ੍ਰਤੀ ਵਿਦਿਆਰਥੀ ਲਈ ਜਾਂਦੀ ਫੀਸ ਅਤੇ ਹੋਰ ਫੰਡਾਂ ਦਾ ਵੇਰਵਾ ਭੇਜਿਆ ਜਾਵੇ।

9. ੳ) ਪ੍ਰਯੋਗਸ਼ਾਲਾ ਵਿਚਲੇ ਸਾਇੰਸ ਦੇ ਸਾਮਾਨ ਦਾ ਵੇਰਵਾ ਘੱਟੋ-ਘੱਟ ਹੇਠ ਲਿਖੇ ਅਨੁਸਾਰ ਹੋਵੇ:
ਮੈਟ੍ਰਿਕ ਸ਼੍ਰੇਣੀਆਂ ਲਈ 20,000/-ਰੁ:, ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ 50,000/-ਰੁ: ਪ੍ਰਤੀ ਵਿਸ਼ਾ ਪ੍ਰਤੀ ਪ੍ਰਯੋਗਸ਼ਾਲਾ(ਬਿੱਲ ਭੇਜਣੇ/ਵਿਖਾਉਣੇ ਜ਼ਰੂਰੀ ਹਨ)।

ਅ) ਲਾਇਬ੍ਰੇਰੀ ਲਈ ਪੁਸਤਕਾਂ ਦੀ ਘੱਟੋ-ਘੱਟ ਖਰੀਦ ਹੇਠ ਲਿਖੇ ਅਨੁਸਾਰ ਹੋਣ ਦਾ ਸਬੂਤ ਭੇਜਿਆ ਜਾਵੇ :-
ਮੈਟ੍ਰਿਕ ਸ਼੍ਰੇਣੀਆਂ ਲਈ 20,000/- ਰੁ:, ਸੀਨੀਅਰ ਸੈਕੰਡਰੀ ਸ਼੍ਰੇਣੀਆਂ ਪਹਿਲੇ ਗਰੁੱਪ ਲਈ 40,000/- ਰੁ: ਹਰੇਕ ਵਾਧੂ ਗਰੁੱਪ ਲਈ 10,000/- ਰੁ: (ਬਿੱਲ ਭੇਜਣੇ/ਵਿਖਾਉਣੇ ਜ਼ਰੂਰੀ ਹਨ)।

(ੲ) ਸਕੂਲ ਵਿੱਚ ਫਰਨੀਚਰ ਦਾ ਵੇਰਵਾ (ਕੁਰਸੀਆਂ ਡੈਸਕ ਆਦਿ ਅਤੇ ਉਨ੍ਹਾਂ ਤੇ ਬੈਠਣ ਦੀ ਸਮਰੱਥਾ)ਦਿੱਤਾ ਜਾਵੇ।

(ਸ) ਮੈਟ੍ਰਿਕ ਪੱਧਰ ਤੱਕ ਪ੍ਰਯੋਗਸ਼ਾਲਾ, ਲਾਇਬ੍ਰੇਰੀ ਅਤੇ ਕੰਪਿਊਟਰ ਲੈਬ ਦਾ ਆਕਾਰ ਵੱਖ ਵੱਖ ਤੌਰ ਤੇ ਘੱਟੋ ਘੱਟ 25' x 15' ਹੋਣਾ ਚਾਹੀਦਾ ਹੈ ਪਰ ਸੀਨੀਅਰ ਸੈਕੰਡਰੀ (ਸਾਇੰਸ ਗਰੁੱਪ) ਲਈ ਤਿੰਨਾਂ ਪ੍ਰਯੋਗਸ਼ਾਲਾਵਾਂ ( ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ) ਦਾ ਆਕਾਰ ਵੱਖ ਵੱਖ ਤੌਰ ਤੇ ਘੱਟੋ ਘੱਟ 20' x 30' ਦਾ ਹੋਣਾ ਚਾਹੀਦਾ ਹੈ । ਇਸ ਬਾਰੇ ਪੁਖਤਾ ਸਬੂਤ ਦਿੱਤਾ ਜਾਵੇ।

(ਹ) ਹਰੇਕ ਕਲਾਸ ਰੂਮ ਦਾ ਆਕਾਰ ਘੱਟੋ-ਘੱਟ 20' x 15' ,ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ ਦਾ ਆਕਾਰ 15'x25' (ਦਸਵੀਂ ਤੱਕ) ਦਾ ਹੋਣਾ ਚਾਹੀਦਾ ਹੈ ਪ੍ਰੰਤੂ ਆਪ ਦੀ ਸੰਸਥਾ ਵਲੋਂ ਭੇਜੇ ਗਏ ਦਸਤਾਵੇਜੀ ਸਬੂਤਾਂ ਅਨੁਸਾਰ ਕਮਰਿਆਂ, ਲਾਇਬ੍ਰੇਰੀ ਅਤੇ ਲੈਬ ਦਾ ਆਕਾਰ ਵਿਨਿਯਮਾਂ ਅਨੁਸਾਰ ਘੱਟ ਹੈ।

10. ਇਸ ਸਾਲ ਦੀ ਪੀ.ਟੀ.ਏ ਮੈਂਬਰਾਂ ਦੀ ਸੂਚੀ ਭੇਜੀ ਜਾਵੇ ਜਿਸ ਵਿੱਚ ਸਬੰਧਤਾਂ ਦੇ ਨਾਂ ਪਤੇ ਅਤੇ ਅਹੁੱਦੇ ਦੇ ਨਾਲ-ਨਾਲ, ਉਨ੍ਹਾਂ ਦੇ ਹਸਤਾਖਰ ਵੀ ਪ੍ਰਾਪਤ ਹੋਣ। (ਕਮੇਟੀ ਦੇ ਘੱਟੋ-ਘੱਟ 11 ਮੈਂਬਰ ਜ਼ਰੂਰ ਹੋਣ)।

11. ਖੇਡਾਂ ਦੇ ਸਮਾਨ ਦੀ ਸੂਚੀ ਭੇਜੀ ਜਾਵੇ ਅਤੇ ਖੇਡ ਦੇ ਮੈਦਾਨ ਦੀ ਹੋਂਦ ਅਤੇ ਸਰੀਰਕ ਸਿੱਖਿਆ ਦੀ ਦਿੱਤੀ ਜਾਂਦੀ ਟ੍ਰੇਨਿੰਗ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ।

11(ੳ) ਸਰੀਰਕ ਸਿੱਖਿਆ ਦਾ ਅਧਿਆਪਕ ਨਿਯੁੱਕਤ ਕਰਕੇ ਉਸਦੇ ਵੇਰਵੇ ਭੇਜੇ ਜਾਣ

12. ਮੰਗੀ ਗਈ ਐਫੀਲੀਏਸ਼ਨ ਨਾਲ ਸਬੰਧਤ ਸ਼੍ਰੇਣੀਆਂ/ਗਰੁੱਪ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਬਾਰੇ ਦੱਸਿਆ ਜਾਵੇ।

13. ਸੰਸਥਾ ਵਿੱਚ ਅਪਣਾਏ ਗਏ ਪੜ੍ਹਾਈ ਦੇ ਮਾਧਿਅਮ ਬਾਰੇ ਸੂਚਿਤ ਕੀਤਾ ਜਾਵੇ।

14. ਐਸ.ਯੂ.ਪੀ.ਡਬਲਿਯੂ.ਵਜੋਂ ਪੜ੍ਹਾਏ ਜਾਂਦੇ ਵਿਸ਼ੇ/ਵਿਸ਼ਿਆਂ ਬਾਰੇ ਸੂਚਿਤ ਕੀਤਾ ਜਾਵੇ।

15. ਸੰਸਥਾ ਦੇ ਲੇਖੇ-ਜੋਖੇ ਦੀ ਰਿਪੋਰਟ (ਸਾਲ .....................)ਲਈ ਚਾਰਟਡ ਅਕਾਊਂਟੈਂਟ ਵਲੋਂ ਤਿਆਰ ਅਤੇ ਤਸਦੀਕ ਕਰਵਾ ਕੇ ਭੇਜੀ ਜਾਵੇ।

16. ਬੈਂਕ ਵਿੱਚ ਜਮ੍ਹਾਂ ਰਾਸ਼ੀ (ਬੈਂਕ ਬੈਲੈਂਸ) ਦਾ ਸਬੂਤ ਭੇਜਿਆ ਜਾਵੇ, ਖਾਤਾ ਨਿੱਜੀ ਨਾਂ ਤੇ ਨਹੀਂ ਹੋਣਾ ਚਾਹੀਦਾ।

17. ਸੰਸਥਾ ਦੀ ਖਰਚ ਪੂਰਤੀ ਲਈ ਪੱਕੇ ਸਾਧਨਾਂ ਦਾ ਵੇਰਵਾ ਭੇਜਿਆ ਜਾਵੇ ਜਿਸ ਅਨੁਸਾਰ ਸੰਸਥਾ ਦਾ ਖਰਚਾ ਚਲਾਇਆ ਜਾਣਾ ਹੈ।

18. ਸੰਸਥਾ ਵਿੱਚ ਪੀਣ ਦੇ ਪਾਣੀ ਦੇ ਯੋਗ ਪ੍ਰਬੰਧ (ਫਿਲਟਰ ਜਾਂ ਆਰ.ਓ.ਸਿਸਟਮ ) ਹੋਣ ਅਤੇ ਲੜਕੇ ਤੇ ਲੜਕੀਆਂ ਲਈ ਵੱਖ-ਵੱਖ ਪਖਾਨੇ ਹੋਣ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ।

19. ਸੰਸਥਾ ਕੋਲ ਟ੍ਰਾਂਸਪੋਰਟ ਦਾ ਪ੍ਰਬੰਧ ਹੋਣ ਬਾਰੇ ਟ੍ਰਾਂਸਪੋਰਟ ਸਬੰਧੀ ਹਲਫੀਆ ਬਿਆਨ ਅਨੁਲੱਗ 'ੳ' ਅਨੁਸਾਰ ਭੇਜਿਆ ਜਾਵੇ।

20. ਸੰਸਥਾ ਦਾ ਟੈਲੀਫੋਨ ਨੰ: ਅਤੇ ਮੋਬਾਇਲ ਨੰ: ਦਿੱਤਾ ਜਾਵੇ।

21. ਜੇਕਰ ਤਰੁੱਟੀ ਪੱਤਰ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਮੰਗੇ ਗਏ ਸਬੂਤ/ਦਸਤਾਵੇਜ਼ ਦਫਤਰ ਵਿੱਚ ਪ੍ਰਾਪਤ ਨਹੀਂ ਹੁੰਦੇ ਤਾਂ ਆਪ ਦੀ ਸੰਸਥਾ ਦਾ ਕੇਸ ਦਫਤਰੀ ਪੱਧਰ ਤੇ ਰੱਦ ਕਰ ਦਿੱਤਾ ਜਾਵੇਗਾ। ਕਿਉਂ ਨਿਰਧਾਰਿਤ ਪ੍ਰੋਫਾਰਮੇ ਦੇ ਸ਼ੁਰੂ ਵਿੱਚ ਪਹਿਲਾਂ ਹੀ ਸ਼ਰਤਾਂ ਦੀ ਪੂਰਤੀ ਹੋਣ ਸਬੰਧੀ ਹਦਾਇਤ ਜਾਰੀ ਕੀਤੀ ਹੋਈ ਹੈ। ਇਸ ਲਈ ਕੇਸ ਰੱਦ ਹੋਣ ਲਈ ਸੰਸਥਾ ਖੁਦ ਜ਼ਿੰਮੇਵਾਰ ਹੋਵੇਗੀ।

22. **ਨੋਟ: ਐਫੀਲੀਏਸ਼ਨ ਸਬੰਧੀ ਕਿਸੇ ਪ੍ਰਕਾਰ ਦੀ ਜਾਣਕਾਰੀ ਲਈ ਟੈਲੀਫੋਨ ਨੰ: 0172-3047178,179,180 ਤੇ ਸੰਪਰਕ ਕੀਤਾ ਜਾ ਸਕਦਾ ਹੈ।**

---------------------------------------------------------------------------

---------------------------------------------------------------------------

---------------------------------------------------------------------------

---------------------------------------------------------------------------

---------------------------------------------------------------------------

ਸੁਪਰਡੰਟ (ਐਫੀਲੀਏਸ਼ਨ)
ਵਾ: ਸਕੱਤਰ।

# ਪੰਜਾਬ ਸਕੂਲ ਸਿੱਖਿਆ ਬੋਰਡ

ਉਪਰੋਕਤ ਨੱਥੀ ਤਰੁੱਟੀ ਪੱਤਰ ਅਨੁਸਾਰ ਸਾਲ 2●15-16 ਵਿੱਚ ਨਵੇਂ ਐਫੀਲੀਏਸ਼ਨ ਕੇਸਾਂ ਵਿੱਚ ਪਾਈਆਂ ਗਈਆਂ ਤਰੁੱਟੀਆਂ ਹੇਠ ਲਿਖੇ ਅਨੁਸਾਰ ਹੈ:-

**ਜਿਲ੍ਹਾ: ਪਟਿਆਲਾ**

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਜੱਜ ਮਾਡਰਨ ਹਾਈ ਸਕੂਲ, ਬਹਾਦਰਪੁਰ ਫਕੀਰਾ ਉਰਫ ਛੰਨਾ, ਪੀ.ਓ. ਦੇਵੀਗੜ੍ਹ, ਪਟਿਆਲਾ | +2 (ਹਿਊਮੈਨਟੀਜ) | **ਲੜੀ ਨੰ: ●5, 5 (ੳ), 6 (ੳ) (ੲ), 9(ੳ), 19** |
| 2. | ਦਇਆਨੰਦ ਸੈਂਟਰਲ ਅਕੈਡਮੀ, ਬਲਬੇੜਾ, ਪਟਿਆਲਾ | ਮੈਟ੍ਰਿਕ | **ਲੜੀ ਨੰ: 3(ਅ), 5(ੳ), 6 (ੳ) (ੲ), 9(ੳ)** |
| 3. | ਸਕੌਲਰ ਵੈਲੀ ਪਬਲਿਕ ਸਕੂਲ, ਢੱਕੜਬਾ, ਪਟਿਆਲਾ | ਮੈਟ੍ਰਿਕ | **ਲੜੀ ਨੰ: 6(ੳ)** |
| 4. | ਮਾਲਵਾ ਪਬਲਿਕ ਸਕੂਲ, ਸਿੰਬੜੋ, ਪਟਿਆਲਾ | ਮੈਟ੍ਰਿਕ | **ਲੜੀ ਨੰ: 3(ਅ), 6(ੳ) (ਅ) (ੲ)** |
| 5. | ਅਗਰਸੈਨ ਗਰਲਜ਼ ਮਾਡਰਨ ਸੀਨੀ: ਸੈਕੰ: ਸਕੂਲ, ਸਮਾਣਾ, ਪਟਿਆਲਾ | +2 (ਕਾਮਰਸ) | **ਲੜੀ ਨੰ: 2(ੳ) (ਸ)** |
| 6. | ਪਰਲਜ਼ ਪਬਲਿਕ ਸਕੂਲ, 11,12 ਰਣਜੀਤ ਨਗਰ, ਪਟਿਆਲਾ | ਮੈਟ੍ਰਿਕ | **ਲੜੀ ਨੰ: ●1 ਤੋਂ ਲੈ ਕੇ 21 ਤੱਕ ਕੋਈ ਦਸਤਾਵੇਜ ਪ੍ਰਾਪਤ ਨਹੀਂ।** |
| 7. | ਬਾਬਾ ਵਡਭਾਗ ਸਿੰਘ ਇੰਟਰਨੈਸ਼ਨਲ ਮੈਮੋ: ਸਕੂਲ, ਰੋਹਟੀ ਖਾਸ, (ਨਾਭਾ), ਪਟਿਆਲਾ | ਮੈਟ੍ਰਿਕ | **ਲੜੀ ਨੰ: ●2 (ੳ) ਤੋਂ ਲੈ ਕੇ 21 ਤੱਕ ਕੋਈ ਦਸਤਾਵੇਜ ਪ੍ਰਾਪਤ ਨਹੀਂ।** |

**ਜਿਲ੍ਹਾ: ਐਸ.ਏ.ਐਸ.ਨਗਰ**

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਨੈਸ਼ਨਲ ਮਾਡਲ ਹਾਈ ਸਕੂਲ, ਲਾਲੜੂ (ਐਸ.ਏ.ਐਸ.ਨਗਰ) | +2 (ਹਿਊਮੈਨਟੀਜ ਤੇ ਸਾਇੰਸ) | **ਲੜੀ ਨੰ: ●5, 6(ੳ) (ੲ),** |

**ਜਿਲ੍ਹਾ: ਅੰਮ੍ਰਿਤਸਰ**

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਸੰਤ ਬਾਬਾ ਬੁੱਢਾ ਪਬਲਿਕ ਸੀ:ਸੈ: ਸਕੂਲ, ਮਜੀਠਾ, | +2(ਹਿਊ:) | **ਲੜੀ ਨੰ: 3(ੳ),6 (ੲ),9 (ਹ)** |
| 2. | ਪੰਜ-ਆਬ ਪਬਲਿਕ ਸੀ;ਸੈ:ਸਕੂਲ, ਸੋਹੀਆਂ ਕਲਾਂ | +2(ਸਾਇੰਸ) | **ਲੜੀ ਨੰ: 5 (ੳ), 6(ਸ),9(ਸ) (ਅ),** |
| 3. | ਮਾਹਲ ਇੰਟਰਨੈਸ਼ਨਲ ਸੀ:ਸੈ: ਸਕੂਲ, ਤਹਿ: ਅਜਨਾਲਾ | +2(ਸਾਇੰਸ) | **ਲੜੀ ਨੰ: 2 (ੳ)(ਸ), 5(ੳ), 9(ੳ)** |
| 4. | ਹਾਸ਼ਮ ਸ਼ਾਹ ਪਬਲਿਕ ਸਕੂਲ, ਜਗਦੇਵ ਕਲਾਂ, ਅੰਮਿ | +2(ਹਿਊ:, ਕਾਮਰਸ ਤੇ ਸਾਇੰਸ) | **ਲੜੀ ਨੰ: 3(ੳ)(ਅ),6(ੳ),(ੲ),(ਸ), 9(ਸ)** |

**ਜਿਲ੍ਹਾ: ਤਰਨਤਾਰਨ**

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਸ਼ਹੀਦ ਬਾਬਾ ਤਾਰਾ ਸਿੰਘ ਪਬਲਿਕ ਸਕੂਲ, ਵਾ ਤਾਰਾ ਸਿੰਘ, ਤਹਿ: ਪੱਟੀ | ਮੈਟ੍ਰਿਕ | **ਲੜੀ ਨੰ: 3(ੳ), 6(ਸ)** |
| 2. | ਦਸਮੇਸ਼ ਵਿਦਿਆ ਨਿਕੇਤਨ ਪਬ: ਸਕੂਲ, ਚੋਲਾ ਸਾਹਿਬ, ਤਰਨਤਾਰਨ | ਮੈਟ੍ਰਿਕ | **ਲੜੀ ਨੰ: 2(ੳ) ਤੋਂ ਲੈ ਕੇ 21 ਤੱਕ ਦਸਤਾਵੇਜ ਪ੍ਰਾਪਤ ਨਹੀਂ ਹੋਏ।** |
| 3. | ਮਹਾਰਾਜਾ ਰਣਜੀਤ ਸਿੰਘ ਕਾਨਵੈਂਟ ਸੀ: ਸੈ: ਸਕੂਲ, ਤਪਾ ਬਾਠ, ਤਰਨਤਾਰਨ | +2(ਸਾਇੰਸ) | **ਲੜੀ ਨੰ: 3(ੳ)(ਸ)** |
| 4. | ਹਰਗੁਣ ਪਬਲਿਕ ਸਕੂਲ, ਸਬਰਾ, ਤਹਿ: ਪੱਟੀ, ਤਰਨਤਾਰਨ | ਮੈਟ੍ਰਿਕ | **ਲੜੀ ਨੰ: 3(ੲ),(ਸ), 15** |
| 5. | ਇੰਟਰਨੈਸ਼ਨਲ ਮਾਝਾ ਅਕੈਡਮੀ,ਸ਼ਾਹਬਾਜਪੁਰ, | ਮੈਟ੍ਰਿਕ | **ਲੜੀ ਨੰ: 2(ੳ),(ਅ), 3(ੳ)(ੲ), 5(ੳ),(ੲ),** |

| | | | |
|---|---|---|---|
| | ਤਰਨਤਾਰਨ | | 15 |
| 6. | ਬਾਬਾ ਜਬੰਦ ਸਿੰਘ ਮੈਮੋ: ਦਸਮੇਸ਼ ਕਾਨਵੈਂਟ ਸਕੂਲ, ਠੱਠਾ, ਤਰਨਤਾਰਨ | +2(ਹਿਊ:) | **ਲੜੀ ਨੰ: 6(ੲ),** |
| 7. | ਸ੍ਰੀ ਬਾਲਾ ਜੀ ਸੀ:ਸੈ: ਸਕੂਲ, ਖੇਮਕਰਨ, ਤਰਨਤਾਰਨ | +2(ਹਿਊ: ਤੇ ਸਾਇੰਸ) | **ਲੜੀ ਨੰ: 6(ੲ)(ਸ), 9(ਅ)** |

**ਜਿਲ੍ਹਾ: ਸ੍ਰੀ ਮੁਕਤਸਰ ਸਾਹਿਬ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਦਸਮੇਸ਼ ਪਬਲਿਕ ਸਕੂਲ, ਰੁਪਾਣਾ | ਮੈਟ੍ਰਿਕ | **ਲੜੀ ਨੰ: 5 (ੳ), 6(ੲ) (ਸ) (ਹ),9 (ੳ) (ਅ) (ਸ)** |

**ਜਿਲ੍ਹਾ: ਫਿਰੋਜ਼ਪੁਰ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਬਾਬਾ ਬਿਧੀ ਚੰਦ ਪੋਲੀਟੈਕਨਿਕ ਕਾਲਜ, ਪਿੰਡ:ਨਾਜੂ ਸ਼ਾਹ ਮਿਸ਼ਰੀ, ਫਿਰੋਜ਼ਪੁਰ | +2(ਸਾਇੰਸ, ਕਾਮਰਸ ਤੇ ਹਿਊ:) | 1. ਸੰਸਥਾ ਦੀ ਐਫੀ: ਜਾਰੀ ਰੱਖਣ ਸਬੰਧੀ ਪੱਤਰ ਦੀ ਕਾਪੀ<br>2. ਡਿਗਰੀ ਕੋਰਸ ਬਾਰੇ ਸਪੱਸ਼ਟੀਕਰਨ<br>3. ਕੀ ਟੈਕਨੀਕਲ ਕੋਰਸਾਂ ਸਬੰਧੀ AICTE ਤੋਂ ਪ੍ਰਵਾਨਿਤ ਹੈ, ਸਬੂਤ ਨੱਥੀ ਕਰੋ।<br>4. ਪ੍ਰੋਫਾਰਮੇ ਤੇ ਸਟੈਂਪ ਪੋਲੀਟੈਕਨਿਕ ਕਾਲਜ ਦੀ ਲੱਗੀ ਹੈ, ਜਦੋਂ ਕਿ ਸਟੈਂਪ ਕਾਲਜ ਦੀ ਚਾਹੀਦੀ ਹੈ।<br>5. ਯੂਨੀਵਰਸਿਟੀ ਤੋਂ ਪ੍ਰਵਾਨਿਤ ਕੋਰਸਾਂ(ਸਾਲ 2●14-15) ਸਬੰਧੀ ਪ੍ਰਵਾਨਿਤ ਪੱਤਰ ਦੀ ਕਾਪੀ।<br>6. ਸੰਸਥਾ ਦੇ ਪ੍ਰਧਾਨ ਵੱਲੋਂ ਜੋ ਹਲਫੀਆ ਬਿਆਨ ਦਿਤਾ ਗਿਆ ਹੈ, ਉਹ ਆਪਸ ਵਿੱਚ ਮੇਲ ਨਹੀਂ ਖਾਂਦਾ, ਸਪੱਸ਼ਟ ਕੀਤਾ ਜਾਵੇ। |
| 2. | ਸ਼ਹੀਦ ਭਗਤ ਸਿੰਘ ਸੀ: ਸੈਕ: ਸਕੂਲ, ਕੁੱਲਗੜੀ | +2(ਸਾਇੰਸ) | **ਲੜੀ ਨੰ:3(ਅ)** |
| 3. | ਜੀ.ਐਮ. ਪਬਲਿਕ ਹਾਈ ਸਕੂਲ, ਮਮਦੋਟ | +2(ਸਾਇੰਸ) | **ਲੜੀ ਨੰ:6(ੲ)** |
| 4. | ਨਿਊ ਅਕਾਲ ਸਹਾਇ ਖਾਲਸਾ ਅਕੈਡਮੀ, ਗੁਰੂ ਹਰਸਹਾਏ | +2(ਹਿਊ:) | **ਲੜੀ ਨੰ:2(ੳ) ਤੋਂ 21 ਤੱਕ ਕੋਈ ਦਸਤਾਵੇਜ ਪ੍ਰਾਪਤ ਨਹੀਂ ਹੋਏ।** |

**ਜਿਲ੍ਹਾ: ਫਾਜ਼ਿਲਕਾ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਗੁਰੂ ਅਮਰਦਾਸ ਪਬਲਿਕ ਸਕੂਲ, ਰੱਤਾ ਖੇੜੀ | ਮੈਟ੍ਰਿਕ | **ਲੜੀ ਨੰ: 9(ੳ)**<br>**2. ਅੱਠਵੀਂ ਦੀ ਮਾਨਤਾ ਦੀ ਆਰ.ਟੀ.ਈ ਦੀ ਲੈਟਰ ਦੀ ਫੋਟੋਕਾਪੀ।** |
| 2. | ਸਤਿਅਮ ਗਰਲਜ਼ ਕਾਲਜ, ਸਾਇਅਦਵਾਲਾ, ਤਹਿ: ਅਬੋਹਰ | +2(ਹਿਊ:) | **1. ਪੰਜਾਬ ਯੂਨੀਵਰਸਿਟੀ ਦਾ ਪੱਤਰ ਜਿਸ ਵਿਚ ਸੰਸਥਾ ਨੂੰ ਐਫੀ: ਪ੍ਰਦਾਨ ਹੈ।**<br>**2. ਲੈਕਚਰਾਰ (ਸਬੰਧਤ ਵਿਸ਼ੇ ਨਾਲ) ਦੀ ਸੂਚੀ।**<br>**3. ਪ੍ਰਿੰਸੀਪਲ ਦੀ ਨਿਯੁੱਕਤੀ ਪੱਤਰ ਦੀ ਕਾਪੀ** |
| 3. | ਵਿਕਾਸ ਆਦਰਸ਼ ਸੀ: ਸੈਕ: ਸਕੂਲ, ਅਬੋਹਰ | +2(ਸਾਇੰਸ) | **ਲੜੀ ਨੰ: 6(ੳ),** |
| 4. | ਸੀ.ਬੀ.ਐਲ. ਵਿਕਾਸ ਮੰਦਰ ਸੀ: ਸੈ: ਸਕੂਲ, ਅਬੋਹਰ | +2(ਸਾਇੰਸ) | **ਲੜੀ ਨੰ: 1(ੳ), 2(ਅ) (ਸ), 3(ਸ), ●5, ●5(ੳ), 6(ੳ) (ੲ), 9 (ੲ)** |

ਜਿਲ੍ਹਾ: ਬਠਿੰਡਾ

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਗਿਆਨ ਜਯੋਤੀ ਕਾਲਜੀਏਟ ਗਰਲਜ਼ ਸਕੂਲ, ਸੰਗਤ | | **ਉਪਰੋਕਤ ਸੰਸਥਾ ਵੱਲੋਂ ਕੇਵਲ 9ਵੀਂ ਅਤੇ 10 ਵੀਂ ਸ਼੍ਰੇਣੀ ਦੀ ਐਫੀ: ਦੀ ਮੰਗ ਕੀਤੀ ਗਈ ਹੈ, ਜਦੋਂਕਿ ਐਫੀਲੀਏਸ਼ਨ ਵਿਨਿਯਮਾਂ ਵਿੱਚ ਨਹੀਂ ਹੈ। ਇਸ ਸਬੰਧੀ ਸੰਸਥਾ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸੰਸਥਾ ਵੱਲੋਂ ਇਸ ਸਬੰਧੀ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।** |
| 2. | ਗੁਰੂ ਨਾਨਕ ਪਬਲਿਕ ਸਕੂਲ, ਨਾਗਵਾਂ (ਬਠਿੰਡਾ) | ਮੈਟ੍ਰਿਕ | **ਲੜੀ ਨੰ: 2(ੳ) (ਅ) (ੲ), ਸਾਰੇ ਹਲਫੀਆ ਬਿਆਨ , 6(ੳ),5 (ੳ), 6(ਸ) (ਹ), 9(ੳ) (ਅ) (ੲ) (ਸ), 10** |
| 3. | ਗੁਰੂ ਕਾਸ਼ੀ ਪਬਲਿਕ ਸੀ: ਸੈ: ਸਕੂਲ,3041, ਪਾਵਰ ਹਾਊਸ ਰੋਡ, ਬਠਿੰਡਾ | +2(ਵੋਕੇਸ਼ਨਲ ਗਰੁੱਪ ਵਿੱਚ ਹੋਮ ਸਾਇੰਸ ਟ੍ਰੇਡ) | **ਲੜੀ ਨੰ:2(ਅ),6(ੲ) (ਹ), 9(ਅ), ਵਰਕਸ਼ਾਪ ਦੇ 2,50,000/-ਰੁ: ਦੇ ਬਿੱਲ, ਵਰਕਸ਼ਾਪ 33"X33" ਹੋਣ ਸਬੰਧੀ ਨਕਸ਼ਾ** |
| 4. | ਸਰਸਵਤੀ ਕਾਲਜੀਏਟ ਸਕੂਲ,ਸਰਸਵਤੀ ਪੋਲੀਟੈਕਨਿਕ ਕਾਲਜ, ਬਲੂਆਣਾ | +2(ਹਿਊ:, ਕਾਮਰਸ ਤੇ ਸਾਇੰਸ) | **ਸੰਸਥਾ ਡਿਪਲੋਮਾ ਲੈਵਲ ਤੱਕ ਐਫੀਲੀਏਟਿਡ ਹੋਣ ਕਾਰਨ ਕੇਸ ਐਫੀਲੀਏਸ਼ਨ ਲਈ ਨਹੀਂ ਵਿਚਾਰਿਆ ਜਾ ਸਕਦਾ, ਸੰਸਥਾ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪ੍ਰੰਤੂ ਸੰਸਥਾ ਵੱਲੋਂ ਇਸ ਸਬੰਧੀ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।** |
| 5. | ਮਹਾਰਾਜਾ ਅਗਰਸੈਨ ਸੀ:ਸੈ:ਸਕੂਲ, ਮੌੜ ਮੰਡੀ, ਬਠਿੰਡਾ | ਮੈਟ੍ਰਿਕ | **ਲੜੀ ਨੰ:2(ੳ), 3(ੳ), 6(ੳ), 9(ਅ)** |
| 6. | ਗੁਰੂ ਗੋਬਿੰਦ ਸਿੰਘ ਸੀ; ਸੈ: ਸਕੂਲ, ਮੌੜ, ਰਾਮਾ ਚੌਂਕ , ਤਲਵੰਡੀ ਸਾਬੋ | ਮੈਟ੍ਰਿਕ | **ਲੜੀ ਨੰ: 2(ੳ),3 (ਅ), 6(ਸ), 5** |
| 7. | ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀ:ਸੈ: ਸਕੂਲ,ਬਾਲਿਆਂ ਵਾਲੀ | +2(ਹਿਊ:) | **ਲੜੀ ਨੰ: 6(ੳ)** |

ਜਿਲ੍ਹਾ: ਮਾਨਸਾ

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਗਰੀਨਲੈਂਡ ਡੇ-ਬੋਰਡਿੰਗ ਪਬਲਿਕ ਸਕੂਲ, ਬਰੇਟਾ | ਮੈਟ੍ਰਿਕ | **ਲੜੀ ਨੰ: 2(ੳ) (ਅ), 3(ਅ) (ੲ), 5(ੳ), 6(ੲ), (ਸ), (ਹ), 8, 9(ੳ) (ਅ) (ੲ) (ਸ)** |
| 2. | ਸ੍ਰੀ ਝੰਡਾ ਸਾਹਿਬ ਪਬਲਿਕ ਸਕੂਲ, ਕੁਸ਼ਲਾ(ਮਾਨਸਾ) | ਮੈਟ੍ਰਿਕ | **ਲੜੀ ਨੰ:1(ੳ) ਤੋਂ 21 ਤੱਕ ਕੋਈ ਦਸਤਾਵੇਜ ਪ੍ਰਾਪਤ ਨਹੀਂ ਹੋਏ।** |
| 3. | ਬਾਬਾ ਜੋਗੀਪੀਰ ਪਬਲਿਕ ਸੀ: ਸੈ: ਸਕੂਲ, ਪਿੰਡ ਰੱਲਾ | +2(ਸਾਇੰਸ) | **ਲੜੀ ਨੰ: 2(ੳ) (ੲ),9(ੳ)(ਅ), ਸੰਸਥਾ ਦਾ ਖੇਤਰ ਪੰਚਾਇਤੀ ਹੈ। ਪੰਚਾਇਤੀ ਵਿਭਾਗ ਤੋਂ ਪ੍ਰਵਾਨਗੀ ਲੈ ਕੇ ਖੇਤਰ ਦੀ ਲੀਜ਼ ਡੀਡ ਬਣਵਾ ਕੇ ਭੇਜੀ ਜਾਵੇ।** |

ਜਿਲ੍ਹਾ: ਫਰੀਦਕੋਟ

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਮਹਾਂਵੀਰਾ ਹਾਈ ਸਕੂਲ, ਫਰੀਦਕੋਟ | +2(ਹਿਊ: ਤੇ ਸਾਇੰਸ) | **ਸੰਸਥਾ ਵੱਲੋਂ ਖੇਤਰ ਸਬੰਧੀ ਲੀਜ਼ ਡੀਡ ਬਣਵਾ ਕੇ ਭੇਜਣੀ ਬਾਕੀ ਹੈ।** |

ਜਿਲ੍ਹਾ: ਗੁਰਦਾਸਪੁਰ

| ਲੜੀ ਨੰ: | ਸੰਸਥਾ ਦਾ ਨਾਮ | ਪੱਧਰ | ਤਰੁੱਟੀਆਂ |
|---|---|---|---|
| 1. | ਸ਼ਬਦ ਪ੍ਰਗਾਸ ਅਕੈਡਮੀ ਧਰਮ ਕੋਟ, ਰੰਧਾਵਾ (ਗੁਰਦਾਸਪੁਰ) | ਮੈਟ੍ਰਿਕ | **ਲੜੀ ਨੰ:9(ਅ)(ਸ)** |
| 2. | ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ, ਕਾਦੀਆਂ | ਮੈਟ੍ਰਿਕ | **ਲੜੀ ਨੰ:1 (ਅ) ਤੋਂ 21 ਤੱਕ ਸਾਰੇ** |

| | | | |
|---|---|---|---|
| | | | **ਦਸਤਾਵੇਜ ਪ੍ਰਾਪਤ ਨਹੀਂ ਹੋਏ।** |
| 3. | ਯੋਗੀਰਾਜ ਭਗਵਾਨ ਨਰਾਇਣ ਸਰਵਹਿੱਤਕਾਰੀ ਵਿਦਿਆ ਮੰਦਰ, ਦੀਨਾਨਗਰ | ਮੈਟ੍ਰਿਕ | **ਲੜੀ ਨੰ:2(ੳ)ਸ), 6(ੳ)(ਅ)(ੲ)** |
| 4. | ਸੁਖਮਨੀ ਪਬਲਿਕ ਹਾਈ ਸਕੂਲ, ਚਾਕਾਂਵਾਲੀ | +2() | **ਲੜੀ ਨੰ: 2 (ੳ)(ਅ)(ੲ)(ਸ), 9(ੳ)(ੲ)(ਹ), 15** |
| 5. | ਬਾਬਾ ਮਹਿਮਾ ਸਾਹਿਬ ਪਬਲਿਕ ਸੀ: ਸੈ: ਸਕੂਲ, ਮੋਹਲੇਵਾਲੀ | +2 | **ਲੜੀ ਨੰ: 6(ੳ), 9(ਸ)(ਹ)** |

**ਜਿਲ੍ਹਾ: ਪਠਾਨਕੋਟ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਸਵਾਮੀ ਵਿਵੇਕਾਨੰਦ ਮੈਮੋਰੀਅਲ ਸੀ: ਸੈ: ਸਕੂਲ, ਘੋਹ | ਮੈਟ੍ਰਿਕ | **ਲੜੀ ਨੰ: 3(ੳ)** |
| 2. | ਡੀ.ਸੀ. ਮਾਡਰਨ ਸਕੂਲ ਗੂੜਾ ਨਗਰੋਟਾ | ਮੈਟ੍ਰਿਕ | **ਲੜੀ ਨੰ: 2(ੳ)(ੲ)(ਸ), 3(ਸ), 6(ੳ)(ਅ)(ੲ), 9(ਅ) (ਸ)** |
| 3. | ਸ੍ਰੀਮਤੀ ਸ਼ਾਂਤਾ ਗੁਪਤਾ ਸਰਵਹਿੱਤਕਾਰੀ ਵਿਦਿਆ ਮੰਦਰ, ਘੋਹ | ਮੈਟ੍ਰਿਕ | **ਲੜੀ ਨੰ: 3(ੳ), 6(ੳ)(ੲ)** |

**ਜਿਲ੍ਹਾ: ਰੋਪੜ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਭਾਈ ਨੰਦ ਲਾਲ ਪਬਲਿਕ ਸੀ: ਸੈ: ਸਕੂਲ, ਮੋਰਿੰਡਾ | +2( ਕਾਮਰਸ) | **ਲੜੀ ਨੰ: 2(ੳ), 5(ੳ), 7** |
| 2. | ਹਿਮਾਲਿਆ ਸੀ;ਸੈ;ਪਬਲਿਕ ਸਕੂਲ, ਮੁਜਾਫਤ | +2(ਕਾਮਰਸ) | **ਲੜੀ ਨੰ: 2(ੳ), 5(ੳ)** |

**ਜਿਲ੍ਹਾ: ਹੁਸ਼ਿਆਰਪੁਰ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਗੁਰੂ ਸੇਵਾ ਮਿਸ਼ਨ ਸੈਕੰ: ਸਕੂਲ, ਚੰਡੀਗੜ੍ਹ ਰੋਡ, ਪਨਾਮ | ਮੈਟ੍ਰਿਕ | **ਲੜੀ ਨੰ: 3(ਅ),8, 5(ੳ), 9(ੲ), 7** |
| 2. | ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, 245-Lਮਾਡਲ ਟਾਊਨ, | +2(ਹਿਊ: ਤੇ ਕਾਮਰਸ) | **ਲੜੀ ਨੰ: 2(ਸ), 6(ੳ) (ੲ), 5(ੳ)** |
| 3. | ਆਰੀਆ ਗਰਲਜ਼ ਸੀ:ਸੈ: ਸਕੂਲ, ਮੁਕੇਰੀਆਂ | +2(ਸਾਇੰਸ) | **ਲੜੀ ਨੰ: 2(ੳ),5** |
| 4. | ਐਸ.ਐਚ. ਜੀ. ਐਨ. ਗਰਲਜ਼ ਸੀ: ਸੈਕ: ਸਕੂਲ, ਗੜ੍ਹਦੀਵਾਲਾ | +2(ਕਾਮਰਸ) | **ਲੜੀ ਨੰ: 1(ੳ)** |
| 5. | ਸਟਾਰ ਪਬਲਿਕ ਸਕੂਲ, ਮੁਕੇਰੀਆਂ | +2(ਸਾਇੰਸ) | **ਲੜੀ ਨੰ: 6(ੳ), 3(ਅ)** |
| 6. | ਮਾਲਵਾ ਪਬਲਿਕ ਸਕੂਲ, ਨੰਗਲ ਰੋਡ, ਗੜ੍ਹਸ਼ੰਕਰ (ਹੁਸ਼ਿਆਰਪੁਰ) | +2 (ਹਿਊ:) | **ਲੜੀ ਨੰ:2(ੳ),3(ੳ),6(ੳ)(ਹ)** |

**ਜਿਲ੍ਹਾ: ਜਲੰਧਰ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਪ੍ਰਕਾਸ਼ਵਤੀ ਸਰਵਹਿੱਤਕਾਰੀ ਵਿਦਿਆ ਮੰਦਰ, ਜਲੰਧਰ | +2(ਹਿਊ:) | **ਲੜੀ ਨੰ: 6(ੳ)(ਅ)(ੲ)** |
| 2. | ਬੋਧੀਸਤੱਵ ਅੰਬੇਡਕਰ ਪਬਲਿਕ ਹਾਈ ਸਕੂਲ, ਫੂਲਪੁਰ, ਧਨਾਲ | +2(ਹਿਊ:) | **ਲੜੀ ਨੰ: 3(ੳ)(ਅ)(ੲ)(ਸ),4,5,5(ੳ), 6(ੳ)(ਅ), 7, 9(ੲ),11** |
| 3. | ਐਮ.ਜੀ. ਕਾਲਜੀਏਟ ਸੀ: ਸੈਕ: ਸਕੂਲ, ਭੋਗਪੁਰ | +2(ਹਿਊ:, ਕਾਮਰਸ) | **ਲੜੀ ਨੰ:1(ੳ)(ਅ), 2(ਅ)(ਸ),3(ੳ)(ਅ)(ੲ)(ਸ), 5, 6(ੳ)(ਅ)(ੲ) (ਸ)(ਹ),7, 9(ੳ)(ਸ)(ਹ), 1●, 11, 11(ੳ), 12, 13,14, 15, 16, 17, 18, 2●, 21, 22** |

**ਜਿਲ੍ਹਾ: ਕਪੂਰਥਲਾ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|

| | | | |
|---|---|---|---|
| 1. | ਐਸ.ਡੀ. ਪਬਲਿਕ ਹਾਈ ਸਕੂਲ, ਬਹੂਈ, ਡਾਕ: ਸ਼ੇਖੂਪੁਰਾ, ਕਪੂਰਥਲਾ | +2(ਹਿਊ:) | **ਲੜੀ ਨੰ:3(ਅ), 6(ੳ)** |

**ਜਿਲ੍ਹਾ: ਸੰਗਰੂਰ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਟੈਗੋਰ ਵਿਦਿਆਲਿਆ ਸੀ: ਸੈਕ: ਸਕੂਲ, ਲੌਂਗੋਵਾਲ | +2(ਸਾਇੰਸ ਤੇ ਕਾਮਰਸ) | |
| 2. | ਪੇਂਡੂ ਵਿਕਾਸ ਪਬਲਿਕ ਸਕੂਲ, ਖੇਤਲਾ | ਮੈਟ੍ਰਿਕ | |
| 3. | ਆਦਰਸ਼ ਪਬਲਿਕ ਸੀ: ਸੈਕੰ: ਸਕੂਲ, ਸ਼ੇਰਪੁਰਾ | ਮੈਟ੍ਰਿਕ | |
| 4. | ਦਸਮੇਸ਼ ਪਬਲਿਕ ਸਕੂਲ, ਮਾਝੀ | ਮੈਟ੍ਰਿਕ | |
| 5. | ਹੋਲੀ ਹਾਰਟ ਪਬਲਿਕ ਸਕੂਲ, ਮਦੇਵੀ | +2(ਹਿਊ:, ਕਾਮਰਸ ਤੇ ਵੋਕੇਸ਼ਨਲ) | |
| 6. | ਤਾਮੀਰ-ਏ ਸ਼ੀਰਤ ਹਾਈ ਸਕੂਲ, ਮਲੇਰਕੋਟਲਾ | +2(ਹਿਊ:) | |
| 7. | ਸੇਂਟ ਸੋਲਜ਼ਰ ਪਬਲਿਕ ਸੀ: ਸੈ: ਸਕੂਲ, ਭਵਾਨੀਗੜ੍ਹ | +2(ਕਾਮਰਸ) | |
| 8. | ਬਾਬਾ ਪ੍ਰੇਮਾਨੰਦ ਕੰਨਿਆ ਮਹਾਂਵਿਦਿਆਲਿਆ, ਜੱਖੇਪਲ | +2(ਸਾਇੰਸ ਤੇ ਕਾਮਰਸ) | |
| 9. | ਪ੍ਰੇਮ ਸਭਾ ਨੈਸ਼ਨਲ ਹਾਈ ਸਕੂਲ, ਸੰਗਰੂਰ | +2(ਹਿਊ:, ਸਾਇੰਸ) | |
| 10. | ਸੰਤ ਅਤਰ ਸਿੰਘ ਇੰਟਰਨੈਸ਼ਨਲ ਸੀ: ਸੈ;ਸਕੂਲ, ਚੀਮਾ ਮੰਡੀ | +2(ਕਾਮਰਸ ਤੇ ਸਾਇੰਸ) | |
| 11. | ਸਾਂਈ ਇੰਟਰਨੈਸ਼ਨਲ ਸਕੂਲ, ਚੰਨਗਾਲੀਵਾਲਾ, ਲਹਿਰਾਗਾਗਾ | ਮੈਟ੍ਰਿਕ | |
| 12. | ਅਲਹੁਦਾ ਪਬਲਿਕ ਸਕੂਲ, ਅਵਾਸਪੁਰ, ਮਲੇਰਕੋਟਲਾ | ਮੈਟ੍ਰਿਕ | |
| 13. | ਸੇਵਾ ਦਲ ਪਬਲਿਕ ਸੀ: ਸੈਕ: ਸਕੂਲ, ਸੋਹੀਆਂ | +2(ਸਾਇੰਸ ਤੇ ਕਾਮਰਸ) | |

**ਜਿਲ੍ਹਾ: ਬਰਨਾਲਾ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਜੀ.ਜੀ. ਐਸ. ਪਬਲਿਕ ਸਕੂਲ, ਜੈਮਲ ਸਿੰਘ ਵਾਲਾ | ਮੈਟ੍ਰਿਕ | **ਲੜੀ ਨੰ: 2(ੳ),3(ੲ),4,5(ੳ),6(ੳ)(ਅ)(ੲ)(ਸ), 9(ੲ), 10, 13, 16** |
| 2. | ਸੰਤ ਬਾਬਾ ਲੋਗਪੁਰੀ ਆਦਰਸ਼ ਸੀ: ਸੈਕ: ਸਕੂਲ, ਪੱਖੋਕਲਾ | +2(ਕਾਮਰਸ, ਸਾਇੰਸ) | **ਲੜੀ ਨੰ: 2(ੳ), 3(ੳ), 5(ੳ),6(ੳ)(ੲ), 9(ਅ), 23 ਸਵੈ ਘੋਸ਼ਣਾ ਪੱਤਰ।** |

**ਜਿਲ੍ਹਾ: ਲੁਧਿਆਣਾ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਮਾਤਾ ਮੋਹਨ ਦੇਈ ਉਸਵਾਲ ਪਬਲਿਕ ਹਾਈ ਸਕੂਲ, ਡਾਬਾ ਰੋਡ, ਲੁਧਿਆਣਾ | +2(ਹਿਊ:, ਕਾਮਰਸ) | **ਲੜੀ ਨੰ: 3(ੳ),19,23, 24** |
| 2. | ਗੁਰੂ ਨਾਨਕ ਸੀ:ਸੈ; ਸਕੂਲ ਜਨਤਾ ਨਗਰ, ਲੁਧਿਆਣਾ | +2(ਕਾਮਰਸ) | **ਪੱਤਰ ਨੰ: 394 ਮਿਤੀ: 10-02-2015 ਲੜੀ ਨੰ: 01 ਤੇ 02** |
| 3. | ਦਸਮੇਸ਼ ਖਾਲਸਾ ਗਰਲਜ ਮਾਡਲ ਸੀ: ਸੈ: ਸਕੂਲ, ਕਮਾਲਪੁਰਾ, ਤਹਿ: ਜਗਰਾਉਂ | +2(ਕਾਮਰਸ) | **ਪੱਤਰ ਨੰ: 395 ਮਿਤੀ: 10-02-2015 ਵਿੱਚ ਦਰਜ ਐਫੀਡੇਵਿਟ ਭੇਜਣ ਬਾਰੇ।** |
| 4. | ਨਵਯੁੱਗ ਪਬਲਿਕ ਸੀ: ਸੈ: ਸਕੂਲ, ਹੈਬੋਵਾਲ ਖੁਰਦ | +2(ਹਿਊ: ਤੇ ਕਾਮਰਸ) | **ਲੜੀ ਨੰ:2(ੳ)(ਅ, (ਸ),3 (ੲ)(ਸ),5(ੳ),6(ੳ),(ਅ)(ੲ), 9(ਅ)(ਹ), 18** |
| 5. | ਹਰਜੱਸ ਪਬਲਿਕ ਸਕੂਲ, ਟਾਡਾਂ ਕੁਸ਼ਲ ਸਿੰਘ, ਝੜੌਈ, ਤਹਿ: ਸਮਰਾਲਾ | +2(ਹਿਊ) | **ਲੜੀ ਨੰ: 2(ੲ)(ਸ), 3(ਸ), 5(ੳ), 6(ੳ)(ਅ)(ੲ)(ਸ)(ਹ), 16,18,19** |

| | | | |
|---|---|---|---|
| 6. | ਭਾਰਤੀਯ ਵਿਦਿਆ ਮੰਦਰ ਹਾਈ ਸਕੂਲ, ਸੈਕਟਰ-39, ਚੰਡੀਗੜ੍ਹ ਰੋਡ, ਲੁਧਿਆਣਾ | +2(ਕਾਮਰਸ ਤੇ ਸਾਇੰਸ) | **ਲੜੀ ਨੰ: 2(ੳ)(ੲ), 3(ੳ),5(ੳ), 6(ਅ)(ੲ)(ਸ)(ਹ),9 (ੳ)(ਸ), 15, 16, 23** |
| 7. | ਸ਼ਹੀਦ ਮੋਤੀ ਰਾਮ ਮਹਿਰਾ ਮੈਮੋ: ਹਾਈ ਸਕੂਲ, ਢਿੱਲੋਂ ਨਗਰ, ਲੁਧਿਆਣਾ | ਮੈਟ੍ਰਿਕ | **3(ਅ)(ਸ), 6(ੲ), 11** |
| 8. | ਐਮ.ਐਸ. ਆਦਰਸ਼ ਪਬਲਿਕ ਸਕੂਲ, ਜਗਰਾਉਂ ਰੋਡ, ਮੁੱਲਾਂਪੁਰ | ਮੈਟ੍ਰਿਕ | **2(ੳ)(ੲ)(ਸ), 3(ੳ)(ਅ)(ਸ), 5, 5(ੳ), 6(ੳ)(ਅ)(ੲ), 9(ਹ), 21** |

**ਜਿਲ੍ਹਾ: ਫਤਿਹਗੜ੍ਹ ਸਾਹਿਬ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਸਨਸ਼ਾਈਨ ਪਬਲਿਕ ਹਾਈ ਸਕੂਲ, ਪਿੰਡ ਵਜੀਦਪੁਰ, ਫਤਿਹਗੜ੍ਹ ਸਾਹਿਬ | +2(ਹਿਊ:, ਕਾਮਰਸ ਤੇ ਸਾਇੰਸ) | **ਲੜੀ ਨੰ: 2(ੲ), 3(ੳ)(ਅ), 5, 5(ੳ), 6(ੳ)(ਅ)(ੲ)(ਸ), 9(ੲ) (ਸ) (ਹ), 15, 21** |

**ਜਿਲ੍ਹਾ: ਨਵਾਂ ਸ਼ਹਿਰ**

| **ਲੜੀ ਨੰ:** | **ਸੰਸਥਾ ਦਾ ਨਾਮ** | **ਪੱਧਰ** | **ਤਰੁੱਟੀਆਂ** |
|---|---|---|---|
| 1. | ਸੈਟੀਂਨਲ ਕੈਂਬਰਿਜ ਇੰਟਰਨੈਸ਼ਨਲ ਸਕੂਲ, ਸਿਆਣਾ ਬਲਾਚੌਰ | ਮੈਟ੍ਰਿਕ | **ਲੜੀ ਨੰ: 2(ੳ) (ੲ), 6(ੳ),5(ੳ)** |
| 2. | ਦੁਆਬਾ ਸਿੰਘ ਨੈਸ਼ਨਲ ਸੀ; ਸੈ: ਸਕੂਲ, ਸ਼ਹੀਦ ਭਗਤ ਸਿੰਘ ਨਗਰ | ਕਾਮਰਸ | **ਕਾਮਰਸ ਗਰੁੱਪ ਦੀ ਐਫੀ: ਲੈਣ ਲਈ ਸਵੈ ਘੋਸ਼ਣਾ/ ਹਲਫੀਆ ਬਿਆਨ ਦੇਣ ਸਬੰਧੀ।** |
| 3. | ਚੋਧਰੀ ਰਾਮਧਨ ਗਿਆਨੰਦ ਖਟਾਣਾ ਪਬਲਿਕ ਹਾਈ ਸਕੂਲ, ਨਵਾਂ ਸ਼ਹਿਰ | +2(ਹਿਊ: ਤੇ ਕਾਮਰਸ) | **ਲੜੀ ਨੰ:2(ੳ), 5,6(ੳ) (ੲ), 9(ੳ) (ਸ), 21** |